# ਮਿਤੀ 2.1.2015 ਨੂੰ ਹੋਈ ਬਿਜਨਸ ਰਜਿਸਟਰ ਸਬੰਧੀ ਰੀਵਿਊ ਮੀਟਿੰਗ ਦੇ ਮਿਨਟਸ

ਮਿਤੀ 2.1.2015 ਨੂੰ ਚੰਡੀਗੜ੍ਹ ਵਿਖੇ ਆਰਥਿਕ ਸਲਾਹਕਾਰ ਜੀ ਦੀ ਪ੍ਰਧਾਨਗੀ ਹੇਠ ਬਿਜਨਸ ਰਜਿਸਟਰ ਸਬੰਧੀ ਰੀਵਿਊ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਸ ਵਿੱਚ ਸਮੂਹ ਡਾਇਰੈਕਟਰ/ਮੀਤ ਡਾਇਰੈਕਟਰ, ਸਮੂਹ ਜਿਲ੍ਹਾ ਅੰਕੜਾ ਦਫਤਰਾਂ ਦੇ ਅਧਿਕਾਰੀਆ ਅਤੇ ਕਰਮਚਾਰੀਆਂ ਵਲੋਂ ਭਾਗ ਲਿਆ ਗਿਆ। ਮੀਟਿੰਗ ਵਿੱਚ ਭਾਗ ਲੈਣ ਬਾਰੇ ਅਧਿਕਾਰੀਆਂ/ ਕਰਮਚਾਰੀਆਂ ਦੀ ਲਿਸਟ ਅਨੁੱਲਗ ' ੳ ' ਤੇ ਹੈ । ਇਸ ਰੀਵਿਊ ਮੀਟਿੰਗ ਦੇ ਮਿਨਟਸ ਹੇਠ ਲਿਖੇ ਅਨੁਸਾਰ ਹਨ ।

## 1. 13ਵੇਂ ਵਿੱਤ ਕਮਿਸਨ ਦੀ ਗਰਾਂਟ ਅਧੀਨ ਕੰਮਾਂ ਦਾ ਰੀਵਿਊ:

### *1.1 ਬਿਜਨਸ ਰਜਿਸਟਰ ਦੇ ਸਰਵੇ ਸਬੰਧੀ ਰੀਵਿਓ*

ਮੀਟਿੰਗ ਦੌਰਾਨ ਆਰਥਿਕ ਸਲਾਹਕਾਰ ਜੀ ਨੂੰ ਜਾਣਕਾਰੀ ਦਿੱਤੀ ਗਈ ਕਿ ਬਿਜਨਸ ਰਜਿਸਟਰ ਅਧੀਨ ਨਿਰਧਾਰਤ 7 ਐਕਟਾਂ/ਅਥਾਰਟੀਜ ਅਧੀਨ ਮਿਤੀ 31.3.2014 ਤੱਕ ਰਜਿਸਟਰਡ 6.32 ਲੱਖ ਯੂਨਿਟਾਂ ਦਾ ਫੀਲਡ ਸਰਵੇ ਮਹੀਨਾ ਸਤੰਬਰ, 2014 ਤੋਂ ਸੁਰੂ ਕੀਤਾ ਗਿਆ ਹੈ। ਜਿਲ੍ਹਿਆਂ ਤੋਂ ਪ੍ਰਾਪਤ ਸੂਚਨਾ ਅਨੁਸਾਰ ਮਿਤੀ 29.12.2014 ਤੱਕ ਸਰਵੇ ਦਾ 86% ਕੰਮ ਮੁਕੰਮਲ ਕਰ ਲਿਆ ਗਿਆ ਹੈ ਜਿਸ ਅਧੀਨ ਟਰੇਸਡ ਯੂਨਿਟਾਂ ਦੀ ਪ੍ਰਤੀਸਤਤਾ 32 ਹੈ। 12 ਜਿਲ੍ਹਿਆਂ ਵਲੋਂ ਸਰਵੇ ਦਾ 100% ਕੰਮ ਮੁਕੰਮਲ ਕਰ ਲਿਆ ਗਿਆ ਹੈ ਜਦੋਂ ਕਿ 8 ਜਿਲ੍ਹਿਆਂ ਵਲੋਂ 88 ਤੋਂ 96 ਪ੍ਰਤੀਸਤ ਤੱਕ ਕੰਮ ਮੁਕੰਮਲ ਕਰ ਲਿਆ ਗਿਆ ਹੈ। ਜਿਲ੍ਹਾ ਫਤਿਹਗੜ੍ਹ ਸਾਹਿਬ ਨੇ 68 % ਅਤੇ ਜਿਲ੍ਹਾ ਅੰਮ੍ਰਿਤਸਰ ਨੇ 51% ਕੰਮ ਮੁਕੰਮਲ ਕੀਤਾ ਹੈ।

ਇਸ ਨੂੰ ਵਿਚਾਰਨ ਉਪਰੰਤ ਆਰਥਿਕ ਸਲਾਹਕਾਰ ਜੀ ਨੇ ਹਦਾਇਤ ਕੀਤੀ ਕਿ ਜਿਹਨਾ ਜਿਲ੍ਹਿਆਂ ਵਿੱਚ ਫੀਲਡ ਸਰਵੇ ਦਾ 88 ਤੋਂ 96 ਤੱਕ ਕੰਮ ਮੁਕੰਮਲ ਹੋ ਗਿਆ ਹੈ ਉਹਨਾ ਜਿਲ੍ਹਿਆਂ ਵਿੱਚ ਫੀਲਡ ਸਰਵੇ ਦਾ ਬਾਕੀ ਕੰਮ ਇਕ ਹਫਤੇ ਦੇ ਅੰਦਰ ਅੰਦਰ ਪੂਰਾ ਕਰਨਾ ਯਕੀਨੀ ਬਣਾਇਆ ਜਾਵੇ। ਜਿਲ੍ਹਾ ਫਤਿਹਗੜ੍ਹ ਸਾਹਿਬ ਅਤੇ ਲੁਧਿਆਣਾ ਨੂੰ ਵੀ ਇਹ ਕੰਮ ਪਹਿਲ ਦੇ ਅਧਾਰ ਤੇ ਤੁਰੰਤ ਪੂਰਾ ਕਰਨ ਦੇ ਆਦੇਸ ਦਿੱਤੇ ਗਏ।

### *ii) ਸਰਵੇ ਦੌਰਾਨ ਭਰੇ ਗਏ ਬਿਜਨਸ ਰਜਿਸਟਰ ਸਡੂਲਾਂ ਦੀ ਡਾਟਾ ਐਂਟਰੀ ਸਬੰਧੀ*

ਆਰਥਿਕ ਸਲਾਹਕਾਰ ਜੀ ਵਲੋਂ ਆਦੇਸ ਦਿੱਤੇ ਗਏ ਕਿ ਸਰਵੇ ਦੌਰਾਨ ਟਰੇਸਡ ਹੋਏ ਯੂਨਿਟਾ ਦੇ ਭਰੇ ਹੋਏ ਬਿਜਨਸ ਰਜਿਸਟਰ ਸਡੂਲਾਂ ਦੀ ਡਾਟਾ ਐਂਟਰੀ ਦਾ ਕੰਮ ਵੀ ਮੁੱਖ ਦਫਤਰ ਵਲੋਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਤੁਰੰਤ ਸੁਰੂ ਕਰਵਾਇਆ ਜਾਵੇ। ਮੁੱਖ ਦਫਤਰ ਤੋਂ ਪਹਿਲਾਂ ਭੇਜੀਆਂ ਬਿਜਨਸ ਰਜਿਸਟਰ ਦੇ ਫੀਲਡ ਸਰਵੇ ਸਬੰਧੀ ਹਦਾਇਤਾਂ/ਅਗਵਾਈ ਲੀਹਾਂ ਦੇ ਪੈਰਾ ਨੰ: 5.1.16 ਅਨੁਸਾਰ ਜੇਕਰ ਜਿਲ੍ਹੇ ਵਿੱਚ ਟਰੇਸਡ ਯੁਨਿਟਾ ਦੀ ਗਿਣਤੀ 10000 ਤੱਕ ਹੈ ਤਾਂ ਉਹਨਾ ਦੇ ਭਰੇ ਹੋਏ ਸਡੂਲਾਂ ਦੀ ਡਾਟਾ ਐਂਟਰੀ 13ਵੇਂ ਵਿੱਤ ਕਮਿਸਨ ਦੀ ਗਰਾਂਟ ਅਧੀਨ ਰੱਖੇ ਗਏ ਡਾਟਾ ਐਂਟਰੀ ਓਪਰੇਟਰਾਂ ਵਲੋਂ ਹੀ ਕੀਤੀ ਜਾਵੇਗੀ। ਇਹ ਗਿਣਤੀ 10000 ਤੋਂ ਵੱਧ ਹੋਣ ਦੀ ਸੂਰਤ ਵਿੱਚ 10000 ਤੋਂ ਵੱਧ ਜਿੰਨੇ ਸਡੂਲ ਹਨ ਉਹਨਾ ਦੀ ਡਾਟਾ ਐਂਟਰੀ ਬਾਹਰ ਤੋਂ ਕਿਸੇ ਏਜੰਸੀ ਤੋਂ ਕਰਵਾਈ ਜਾ ਸਕਦੀ ਹੈ ਜਿਸ ਸਬੰਧੀ ਵੱਧ ਤੋਂ ਵੱਧ 2.00 ਰੁਪੈ ਪ੍ਰਤੀ ਸਡੂਲ ਤੱਕ ਡਾਟਾ ਐਂਟਰੀ ਦੀ ਪ੍ਰੋਵੀਜਨ ਹੈ। ਇਸ ਸਬੰਧੀ ਨਿਰਧਾਰਤ ਵਿੱਤੀ ਨਿਯਮਾਂ ਅਨੁਸਾਰ ਕੁਟੈਸਨਾ ਆਦਿ ਦਾ ਕੰਮ ਹੁਣ ਤੋਂ ਹੀ ਸੁਰੂ ਕੀਤਾ ਜਾ ਸਕਦਾ ਹੈ ਤਾਂ ਜੋ ਜੇਕਰ ਇਸ ਸਬੰਧੀ ਮੁੱਖ ਦਫਤਰ ਤੋਂ ਵੀ ਕਿਸੇ ਪੱਧਰ ਤੇ ਪ੍ਰਵਾਨਗੀ ਦੀ ਲੋੜ ਪੈਂਦੀ ਹੈ ਤਾਂ ਇਹ ਪ੍ਰਵਾਨਗੀ ਲੈ ਕੇ ਕੰਮ ਛੇਤੀ ਸੁਰੂ ਕੀਤਾ ਜਾ ਸਕੇ। ਆਰਥਿਕ ਸਲਾਹਕਾਰ ਜੀ ਵਲੋਂ ਇਹ ਵੀ ਆਦੇਸ ਦਿੱਤੇ ਗਏ ਡਾਟਾ

ਐਂਟਰੀ ਦਾ ਕੰਮ 31 ਜਨਵਰੀ 2015 ਤੱਕ ਪੂਰਾ ਕੀਤਾ ਜਾਵੇ ਤਾਂ ਜੋ ਗਰਾਂਟ ਅਧੀਨ ਅਗਲੀ 5ਵੀਂ ਕਿਸਤ ਲੈਣ ਵਿੱਚ ਦਿੱਕਤ ਪੇਸ ਨਾ ਆਵੇ।

***iii) ਬਿਜਨਸ ਰਜਿਸਟਰ ਸਰਵੇ ਦੇ ਕੰਮ ਦੀ ਗਿਣਤੀਕਾਰਾ ਨੂੰ ਪੇਮੈਂਟ ਕਰਨ ਸਬੰਧੀ:***

ਮੀਟਿੰਗ ਦੌਰਾਨ ਦੱਸਿਆ ਗਿਆ ਕਿ ਇਸ ਮੰਤਵ ਲਈ 251.79 ਲੱਖ ਰੁਪਏ ਦੀ ਰਾਸੀ ਮੁੱਖ ਦਫਤਰ ਪੱਧਰ ਤੇ ਖਜਾਨੇ ਵਿਚੋਂ ਐਡਵਾਂਸ ਕਢਵਾਈ ਗਈ ਹੈ ਜਿਸ ਵਿੱਚੋਂ ਗਿਣਤੀਕਾਰਾਂ ਦੇ 50% ਕੰਮ ਦੀ ਪੇਮੈਂਟ ਸਾਰੇ ਜਿਲ੍ਹਿਆਂ ਨੂੰ ਕੀਤੀ ਜਾ ਚੁੱਕੀ ਹੈ। ਜਿਲਾ-ਤਰਨਤਾਰਨ ਨੂੰ 100% ਕੰਮ ਦੀ ਪੇਮੈਂਟ ਕੀਤੀ ਜਾ ਚੁੱਕੀ ਹੈ ਜਦੋਂ ਕਿ ਜਿਲ੍ਹਾ ਫਿਰੋਜਪੁਰ, ਫਰੀਦਕੋਟ, ਮੋਗਾ, ਮਾਨਸਾ ਅਤੇ ਮੁਹਾਲੀ ਨੂੰ 100% ਕੰਮ ਦੀ ਪੇਮੈਂਟ ਕਰਨ ਲਈ ਫਾਇਲ ਪੁੱਟ ਕੀਤੀ ਹੋਈ ਹੈ। ਇਸ ਤੋਂ ਇਲਾਵਾ ਜਿਲ੍ਹਾ ਹੁਸਿਆਰਪੁਰ ਅਤੇ ਫਾਜਿਲਕਾ ਵਲੋਂ ਵੀ 100% ਕੰਮ ਦੀ ਪੇਮੈਂਟ ਸਬੰਧੀ ਸੂਚਨਾ ਪ੍ਰਾਪਤ ਹੋ ਚੁੱਕੀ ਹੈ ਜੋ ਕਿ ਕਾਰਵਾਈ ਅਧੀਨ ਹੈ।

ਹੁਣ ਤੱਕ ਰੀਲੀਜ ਕੀਤੀ ਗਈ ਰਾਸੀ ਵਿਚੋਂ 1,28,29,230/- ਰੁਪੈ ਦੀ ਰਾਸੀ ਮੁੱਖ ਦਫਤਰ ਤੋਂ ਸਿੱਧੇ RTGS ਰਾਹੀਂ ਗਿਣਤੀਕਾਰਾਂ ਨੂੰ ਰੀਲੀਜ ਕੀਤੀ ਗਈ ਹੈ ਜਦੋਂ ਕਿ 7,35,280/- ਰੁਪੈ ਦੀ ਰਾਸੀ ਤਿੰਨ ਜਿਲ੍ਹਿਆਂ ਬਠਿੰਡਾ, ਪਟਿਆਲਾ ਅਤੇ ਤਰਨਤਾਰਨ ਨੂੰ ਸਿਧੀ ਉਪ ਅਰਥ ਅਤੇ ਅੰਕੜਾ ਸਲਾਹਕਾਰ ਦੇ ਖਾਤੇ ਵਿੱਚ ਰੀਲੀਜ ਕੀਤੀ ਗਈ ਹੈ। ਆਰਥਿਕ ਸਲਾਹਕਾਰ ਜੀ ਵਲੋਂ ਆਦੇਸ ਦਿੱਤੇ ਗਏ ਕਿ ਜੋ ਰਾਸੀ ਬਠਿੰਡਾ, ਪਟਿਆਲਾ ਅਤੇ ਤਰਨਤਾਰਨ ਜਿਲ੍ਹੇ ਵਿੱਚ ਸਿੱਧੀ ਉਪ ਅਰਥ ਅਤੇ ਅੰਕੜਾ ਸਲਾਹਕਾਰ ਦੇ ਖਾਤਿਆਂ ਵਿੱਚ ਭੇਜੀ ਗਈ ਹੈ ਉਸ ਨੂੰ ਮੁੱਖ ਦਫਤਰ ਵਲੋਂ ਜਾਰੀ ਹਦਾਇਤਾਂ ਦੀ ਰੋਸਨੀ ਵਿੱਚ ਤੁਰੰਤ ਗਿਣਤੀਕਾਰਾਂ ਨੂੰ RTGS ਰਾਹੀਂ ਟਰਾਂਸਫਰ ਕੀਤਾ ਜਾਵੇ।

ਮੀਟਿੰਗ ਦੌਰਾਨ ਇਹ ਵੀ ਦੱਸਿਆ ਗਿਆ ਕਿ ਉਪਰੋਕਤ ਤੋਂ ਇਲਾਵਾ 46,07,865/- ਰੁਪੈ ਦੀ ਰਾਸੀ ਦੀ ਪੇਮੈਂਟ ਸਬੰਧੀ ਫਾਇਲ ਮੁੱਖ ਦਫਤਰ ਤੇ ਕਾਰਵਾਈ ਅਧੀਨ ਹੈ। ਆਰਥਿਕ ਸਲਾਹਕਾਰ ਜੀ ਵਲੋਂ ਇਸ ਸਬੰਧੀ ਤੁਰੰਤ ਕਾਰਵਾਈ ਕਰਨ ਦੇ ਆਦੇਸ ਦਿੱਤੇ ਗਏ।

***iv) ਬਿਜਨਸ ਰਜਿਸਟਰ ਸਰਵੇ ਦੇ ਕੰਮ ਦੀ ਗਿਣਤੀਕਾਰਾ ਨੂੰ ਪੇਮੈਂਟ ਪ੍ਰਾਪਤ ਨਾ ਹੋਣ ਬਾਰੇ:-***

ਇਸ ਸਬੰਧੀ ਬੈਂਕ ਤੋਂ ਪ੍ਰਾਪਤ ਸੂਚਨਾ ਅਨੁਸਾਰ 143 ਗਿਣਤੀਕਾਰਾਂ ਨੂੰ RTGS ਰਾਹੀਂ ਪੇਮੈਂਟ ਟਰਾਂਸਫਰ ਨਹੀਂ ਹੋਈ ਹੈ ਜਿਸ ਸਬੰਧੀ ਜਿਲ੍ਹਿਆਂ ਨੂੰ ਉਹਨਾ ਦੇ ਜਿਲ੍ਹੇ ਨਾਲ ਸਬੰਧਤ ਗਿਣਤੀਕਾਰਾਂ ਦੀ ਸੂਚੀ ਭੇਜੀ ਜਾ ਚੁੱਕੀ ਹੈ। ਆਰਥਿਕ ਸਲਾਹਕਾਰ ਜੀ ਵਲੋਂ ਆਦੇਸ ਦਿੱਤੇ ਗਏ ਕਿ ਜਿਲ੍ਹਿਆਂ ਵਲੋਂ ਮੁੱਖ ਦਫਤਰ ਦੀਆਂ ਹਦਾਇਤਾਂ ਇਸ ਸਬੰਧੀ ਲੋੜੀਂਦੀ ਕਨਫਰਮੇਸਨ ਤੁਰੰਤ ਭੇਜੀ ਜਾਵੇ ਤਾਂ ਜੋ ਇਹ ਰਾਸੀ ਮੁੱਖ ਦਫਤਰ ਤੋਂ ਸਿੱਧੀ ਸਬੰਧਤ ਉਪ ਅਰਥ ਅਤੇ ਅੰਕੜਾ ਸਲਾਹਕਾਰਾਂ ਦੇ ਖਾਤਿਆਂ ਵਿੱਚ ਭੇਜੀ ਜਾ ਸਕੇ। ਇਹ ਸਾਰਾ ਕੰਮ 10 ਦਿਨਾ ਦੇ ਅੰਦਰ-2 ਮਕੁੰਮਲ ਕੀਤਾ ਜਾਵੇ।

**1.2 ਨੈਟਵਰਕ ਕੁਨੈਕਟੀਵਿਟੀ:**

***i) ਲੋਕਲ ਏਰੀਆ ਨੈਟਵਰਕ (LAN) :*** ਇਕ ਜਿਲ੍ਹਾ ਪਠਾਨਕੋਟ ਨੂੰ ਛੱਡ ਕੇ ਬਾਕੀ ਸਾਰੇ ਜਿਲ੍ਹਿਆਂ ਤੇ ਮੁੱਖ ਦਫਤਰ ਤੇ LAN ਦਾ ਕੰਮ ਪੂਰਾ ਹੋ ਚੁੱਕਾ ਹੈ। ਪਠਾਨਕੋਟ ਵਿਖੇ ਕਿਰਾਏ ਦੀ ਨਵੀਂ ਬਿਲਡਿੰਗ ਲੈਣ ਸਬੰਧੀ ਕੇਸ ਕਾਰਵਾਈ ਅਧੀਨ ਹੋਣ ਕਰਕੇ LAN ਦਾ ਕੰਮ ਪੈਡਿੰਗ ਹੈ। ਜਿਲ੍ਹੇ ਦੇ ਖੋਜ ਅਫਸਰ ਵਲੋਂ ਦੱਸਿਆ ਗਿਆ ਕਿ ਜਿਸ ਬਿਲਡਿੰਗ ਨੂੰ ਕਿਰਾਏ ਤੇ ਲੇਣ ਸਬੰਧੀ ਕੇਸ ਚਲ ਰਿਹਾ ਸੀ ਉਹ ਪਹਿਲਾਂ ਹੀ ਕਿਰਾਏ ਤੇ ਚੜ੍ਹ ਚੁੱਕੀ ਹੈ। ਇਸ ਨੂੰ ਵਿਚਾਰਨ ਉਪਰੰਤ ਆਰਥਿਕ ਸਲਾਹਕਾਰ ਜੀ ਵਲੋਂ ਸਬੰਧਤ ਖੋਜ ਅਫਸਰ ਨੂੰ ਆਦੇਸ ਦਿੱਤੇ ਗਏ ਕਿ ਜੇਕਰ ਮੌਜੂਦਾ ਬਿਲਡਿੰਗ ਵਿੱਚ ਹੀ LAN ਦੀ ਸਥਾਪਨਾ ਕਰਵਾਉਣੀ ਉਚਿਤ ਹੈ ਤਾਂ ਇਸ ਸਬੰਧੀ ਤੁਰੰਤ ISSP ਸਾਖਾ ਨੂੰ ਸੂਚਿਤ ਕੀਤਾ ਜਾਵੇ ਤਾਂ ਜੋ ਇਸ ਸਬੰਧੀ ਅਗਲੇਰੀ ਯੋਗ ਕਾਰਵਾਈ ਕੀਤੀ ਜਾ ਸਕੇ।

***ii) ਵਾਇਡ ਏਰੀਆ ਨੈਟਵਰਕ (WAN) :*** ਇਸ ਸਬੰਧੀ ਦੱਸਿਆ ਗਿਆ ਕਿ DGR ਰਾਹੀਂ BSNL ਨੂੰ ਰਾਸੀ ਰੀਲੀਜ ਕੀਤੀ ਜਾ ਚੁੱਕੀ ਹੈ। 9 ਜਿਲ੍ਹਿਆਂ ਵਿੱਚ WAN ਚਾਲੂ ਹੋ ਗਿਆ ਹੈ। ਹੁਣ BSNL ਨੇ DGR ਰਾਹੀਂ WAN ਸਬੰਧੀ ਤਜਵੀਜ ਨੂੰ ਰੀਵਾਇਜ ਕਰਕੇ ਭੇਜਿਆ ਹੈ ਜਿਸ ਅਧੀਨ ਇਹ ਤਜਵੀਜ 9.84 ਲੱਖ ਤੋਂ ਵਧਾ ਕੇ 11.38 ਲੱਖ ਰੁਪੈ ਕੀਤੀ ਗਈ ਹੈ ਜਿਸ ਵਿੱਚ 1.54 ਲੱਖ ਰੁਪੈ ਦਾ ਵਾਧਾ ਕੀਤਾ ਗਿਆ ਹੈ ਅਤੇ ਇਸ ਸਬੰਧੀ ਪ੍ਰਵਾਨਗੀ ਦੀ ਮੰਗ ਕੀਤੀ ਹੈ। ਇਸ ਸਬੰਧੀ ਕੇਸ ਛੇਤੀ ਹੀ ਕੰਪੀਟੈਂਟ ਅਥਾਰਟੀ ਨੂੰ ਪ੍ਰਵਾਨਗੀ ਲਈ ਪੁਟਅਪ ਕੀਤਾ ਜਾ ਰਿਹਾ ਹੈ। ਆਰਥਿਕ ਸਲਾਹਕਾਰ ਜੀ ਵਲੋਂ ਇਹ ਕੇਸ ਤੁਰੰਤ ਪੁਟਅਪ ਕਰਨ ਦੇ ਆਦੇਸ ਦਿੱਤੇ ਗਏ।

### 1.3 **ਕੁਲੈਕਸਨ ਆਫ ਫਾਰਮ ਐਕਟੀਵਿਟੀ ਡਾਟਾ**

ਇਸ ਸਬੰਧੀ ਹੇਠ ਲਿਖੇ ਅਨੁਸਾਰ ਹੋਈ ਪ੍ਰਗਤੀ ਬਾਰੇ ਮੀਟਿੰਗ ਦੌਰਾਨ ਦੱਸਿਆ ਗਿਆ:-

- ਇਸ ਮਾਇਲਸਟੋਨ ਅਧੀਨ ਗਰਾਂਟ ਦੀ ਦੂਸਰੀ ਕਿਸਤ ਨਾਲ ਤਿਆਰ ਕੀਤੀ ਜਾਣ ਵਾਲੀ ਜਿਲ੍ਹਾਵਾਰ ਮੇਜਰ 10 ਫਸਲਾਂ ਦੀ ਕਲਟੀਵੇਟਿਡ ਏਰੀਆ, ਪ੍ਰੋਡਕਸਨ ਅਤੇ ਪੀਕ ਪੀਰੀਅਡ ਮਾਰਕੀਟ ਪ੍ਰਾਇਜ ਸਬੰਧੀ ਰਿਪੋਟ ਤਿਆਰ ਕਰਕੇ ਪਹਿਲਾਂ ਹੀ ਸੀ.ਐਸ.ਓ. ਭਾਰਤ ਸਰਕਾਰ ਨੂੰ ਭੇਜੀ ਜਾ ਚੁੱਕੀ ਹੈ।
- ਕਾਸਟ ਆਫ ਕਲਟੀਵੇਸਨ ਸਟੱਡੀ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ 466.00 ਲੱਖ ਰੁਪੈ ਦੀ ਪ੍ਰਵਾਨਿਤ ਤਜਵੀਜ ਵਿਰੁੱਧ 150.00 ਲੱਖ ਰੁਪੈ ਦੀ ਪਹਿਲੀ ਕਿਸਤ ਰੀਲੀਜ ਕੀਤੀ ਜਾ ਚੁੱਕੀ ਹੈ। ਇਸ ਸਟੱਡੀ ਸਬੰਧੀ ਸ੍ਰੀ ਜੀ .ਐਸ. ਕਾਲਕਟ (ਖੇਤੀਬਾੜੀ ਮਾਹਿਰ ਅਤੇ ਸਾਬਕਾ VC, PAU, ਲੁਧਿਆਣਾ ਅਤੇ ਮੌਜੂਦਾ ਚੇਅਰਮੈਨ ਫਾਰਮਰ ਕਮਿਸਨ) ਜੀ ਦੀ ਪ੍ਰਧਾਨਗੀ ਹੇਠ ਇਕ ਹਾਈ ਲੈਵਲ ਕਮੇਟੀ ਦੀ ਸਥਾਪਨਾ ਕੀਤੀ ਗਈ ਹੈ ਜਿਸ ਦੀ ਪਹਿਲੀ ਮੀਟਿੰਗ ਮਿਤੀ 26.11.2014 ਨੂੰ ਹੋ ਚੁੱਕੀ ਹੈ। CCS ਸਟੱਡੀ ਦਾ ਕੰਮ ਪ੍ਰਗਤੀ ਅਧੀਨ ਹੈ।

ਉਪਰੋਕਤ ਸਬੰਧੀ ਵਿਚਾਰਦੇ ਹੋਏ ਆਰਥਿਕ ਸਲਾਹਕਾਰ ਜੀ ਵਲੋਂ ਆਦੇਸ ਦਿੱਤੇ ਗਏ ਕਿ PAU ਤੋਂ ਪਹਿਲਾਂ ਜਾਰੀ ਕੀਤੀ ਰਾਸੀ ਦਾ ਵਰਤੋਂ ਸਰਟੀਫਿਕੇਟ ਪ੍ਰਾਪਤ ਕੀਤਾ ਜਾਵੇ ਅਤੇ ਨਾਲ ਹੀ ਇਸ ਮਾਇਲਸਟੋਨ ਸਬੰਧੀ ਬਾਕੀ ਦਾ ਕੰਮ ਵੀ ਸਬੰਧਤ ਸਾਖਾ ਵਲੋਂ ਤੁਰੰਤ ਪੂਰਾ ਕੀਤਾ ਜਾਵੇ ਕਿਉਂਕਿ ਗਰਾਂਟ ਪੀਰੀਅਡ ਖਤਮ ਹੋਣ ਵਿੱਚ ਕੇਵਲ 3 ਮਹੀਨੇ ਦਾ ਸਮਾਂ ਹੀ ਬਾਕੀ ਹੈ।

### 1.4 ਪੂਲਿੰਗ ਆਫ ਸਟੇਟ ਐਂਡ ਸੈਂਟਰਲ ਸੈਂਪਲ ਡੈਟਾ

ਮੀਟਿੰਗ ਵਿੱਚ ਰਨਸ ਦੇ 66ਵੇਂ ਰਾਉਂਡ ਦੇ ਸਡੂਲ 1.0: ਹਾਊਸਹੋਲਡ ਕੰਜੂਮਰ ਐਕਸਪੈਂਡਿਚਰ ਬਾਰੇ ਡਾਇਰੈਕਟਰ (ਟੀ) ਵਲੋਂ ਅ.ਸ. ਜੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਸਡੂਲ 1.0 ਸਬੰਧੀ ਪੂਲਿੰਗ ਦਾ ਕੰਮ ਮੁਕੰਮਲ ਕਰ ਲਿਆ ਗਿਆ ਹੈ ਜਿਸ ਸਬੰਧੀ ਤਿਆਰ ਕੀਤੀ ਗਈ ਰਿਪੋਟ ਅ.ਸ. ਜੀ ਨੂੰ ਪੇਸ ਕੀਤੀ ਗਈ। ਅ.ਸ. ਜੀ ਵਲੋਂ ਸਡੂਲ 10 ਰੋਜਗਾਰ ਅਤੇ ਬੇਰੋਜਗਾਰ ਬਾਰੇ ਪੁੱਛਣ ਤੇ ਉਨ੍ਹਾਂ ਨੂੰ ਸੂਚਿਤ ਕੀਤਾ ਗਿਆ ਇਸ ਸਡੂਲ ਸਬੰਧੀ ਵੀ ਲਗਭੱਗ ਪੂਲਿੰਗ ਦਾ ਕੰਮ ਮੁਕੰਮਲ ਕਰ ਲਿਆ ਗਿਆ ਹੈ ਜਿਸ ਬਾਰੇ ਇਸੇ ਮਹੀਨੇ ਦੇ ਅੰਤ ਤੱਕ ਰਿਪੋਟ ਤਿਆਰ ਕਰ ਦਿਤੀ ਜਾਵੇਗੀ। ਇਸ ਬਾਰੇ ਅ.ਸ. ਜੀ ਵਲੋਂ ਇਹ ਕੰਮ ਤੁਰੰਤ ਮੁਕੰਮਲ ਕਰਨ ਦੇ ਆਦੇਸ ਦਿਤੇ ਗਏ।

### 1.5 ਲੋਕਲ ਬਾਡੀ ਅਕਾਊਟਸ

ਆਰਥਿਕ ਸਲਾਹਕਾਰ ਜੀ ਵੱਲੋਂ ਧਿਆਨ ਵਿੱਚ ਲਿਆਂਦਾ ਗਿਆ ਕਿ ਲੋਕਲ ਬਾਡੀਜ ਅਕਾਊਟਸ ਦੇ ਲੇਖੇ ਜੋਖਿਆਂ ਦਾ ਸਹਿਰੀ ਖੇਤਰ ਦਾ ਕੰਮ ਮੁਕੰਮਲ ਹੋ ਚੁੱਕਾ ਹੈ ਜੋ ਕਿ ਸੀ.ਐਸ.ਓ., ਨਵੀਂ ਦਿੱਲੀ ਨੂੰ ਭੇਜ ਦਿੱਤਾ ਗਿਆ ਹੈ ਅਤੇ ਪੇਂਡੂ ਖੇਤਰ ਦੇ ਪਹਿਲੇ ਅਤੇ ਦੂਜੇ ਫੇਜ ਦਾ ਕੰਮ ਮੁਕੰਮਲ ਹੋ ਚੁੱਕਾ ਹੈ ਅਤੇ ਤੀਜੇ ਫੇਜ ਦਾ ਕੰਮ ਜਿਸ ਵਿੱਚ 5201 ਪੰਚਾਇਤਾਂ ਦਾ ਡਾਟਾ ਕੁਲੈਕਟ ਕਰਨ ਦਾ ਕੰਮ 31 ਅਕਤੂਬਰ, 2014 ਤੱਕ ਪੂਰਾ ਕਰਨਾ ਸੀ।

ਆਰਥਿਕ ਸਲਾਹਕਾਰ ਜੀ ਵੱਲੋਂ ਹਦਾਇਤ ਕੀਤੀ ਗਈ ਹੈ ਕਿ ਉਪਰੋਕਤ ਕੰਮ ਨੂੰ ਤੁਰੰਤ ਪੂਰਾ ਕੀਤਾ ਜਾਵੇ। ਸਾਲ 2011-12 ਦਾ ਰੂਰਲ ਲੋਕਲ ਬਾਡੀਜ ਦਾ ਕੰਮ 31 ਜਨਵਰੀ, 2015 ਤੱਕ ਪੂਰਾ ਕਰਨ ਦੇ ਆਦੇਸ ਦਿੱਤੇ ਗਏ ਹਨ।

***13ਵੇਂ ਵਿੱਤ ਕਮਿਸਨ ਦੀ ਗਰਾਂਟ ਦੇ ਕੰਮ ਦੇ ਮਿਹਨਤਾਨੇ ਸਬੰਧੀ:***

ਆਰਥਿਕ ਸਲਾਹਕਾਰ ਜੀ ਵਲੋਂ ਸਮੂਹ ਜਿਲ੍ਹਾ ਅਫਸਰਾਂ ਨੂੰ ਆਦੇਸ ਦਿੱਤੇ ਗਏ ਕਿ ਜਿਹਨਾਂ-2 ਰੈਗੂਲਰ ਅਧਿਕਾਰੀਆ/ਕਰਮਚਾਰੀਆਂ ਨੇ ਇਸ ਵਿੱਤੀ ਸਾਲ ਦੌਰਾਨ ਆਪਣੇ ਰੈਗੂਲਰ ਦਫਤਰੀ ਕੰਮ ਦੇ ਨਾਲ-ਨਾਲ 13ਵੇਂ ਵਿੱਤ ਕਮਿਸਨ ਦੀ ਗਰਾਂਟ ਦੇ ਕੰਮ ਵਿੱਚ ਵੀ ਸਹਿਯੋਗ ਦਿੱਤਾ ਹੈ ਉਹਨਾ ਦੇ ਨਾਵਾਂ ਦੀ ਸੂਚੀ, ਸਬੰਧਤ ਅਧਿਕਾਰੀ/ਕਰਮਚਾਰੀ ਦੇ ਨਾਮ, ਅਹੁਦੇ ਅਤੇ 13ਵੇਂ ਵਿੱਤ ਕਮਿਸਨ ਦੀ ਗਰਾਂਟ ਦੇ ਕੰਮ ਵਿੱਚ ਜਿਸ ਤਰ੍ਹਾਂ ਦਾ ਸਹਿਯੋਗ ਦਿੱਤਾ ਗਿਆ ਬਾਰੇ ਟਿਪਣੀ ਸਮੇਤ, ਮੁੱਖ ਦਫਤਰ ਨੂੰ ਭੇਜੀ ਜਾਵੇ ਤਾਂ ਜੋ ਇਸ ਵਿੱਤੀ ਸਾਲ ਦੌਰਾਨ ਇਹਨਾ ਨੂੰ ਮਿਹਨਤਾਨਾ ਦੇਣ ਸਬੰਧੀ ਅਗਲੇਰੀ ਯੋਗ ਕਾਰਵਾਈ ਕੀਤੀ ਜਾ ਸਕੇ।

## ਏਜੰਡਾ ਆਈਟਮ ਨੰ:2 ਐਮ.ਪੀ.ਲੈਡਜ

- 15ਵੀਂ ਲੋਕ ਸਭਾ ਦੀ ਬਕਾਇਆ okôh 16ਵੀਂ ਲੋਕ ਸਭਾ ਦੇ ਮੈਂਬਰਾਂ ਦੇ ਖਾਤੇ ਵਿੱਚ ਟਰਾਂਸਫਰ ਕਰਦੇ ਹੋਏ ਜੀਰੋ ਬੈਲੇਸ ਕਰਕੇ ਇਹ ਰਿਪੋਟ ਹਰ ਹਾਲਤ ਵਿੱਚ 15-01-2015 ਤੱਕ ਮੁੱਖ ਦਫਤਰ ਪਹੁੰਚਾਉਣ ਸਬੰਧੀ ਸਮੂਹ ਨੋਡਲ ਜਿਲਿਆ ਦੇ ਉਪ ਅਰਥ ਅਤੇ ਅੰਕੜਾ ਸਲਾਹਕਾਰਾਂ ਨੂੰ ਆਰਥਿਕ ਸਲਾਹਕਾਰ ਜੀ ਵੱਲੋਂ ਆਦੇô fdZs/ rJ/.

- ਡਵੀਜਨ ਪੱਧਰ ਤੇ ਤਿਮਾਹੀ ਰਿਵਿਊ ਮੀਟਿੰਗਾਂ ਰੈਗੂਲਰ ਕਰਵਾਉਣ ਲਈ ਡਵੀਜਨ ਲੈਵਲ ਤੇ ਤੈਨਾਤ ਉਪ ਅਰਥ ਅਤੇ ਅੰਕੜਾ ਸਲਾਹਕਾਰ (ਜਿਲਾ ਮੁੱਖੀ) ਸਬੰਧਤ ਕਮਿਸਨਰ ਸਾਹਿਬ ਨਾਲ ਤਾਲਮੇਲ ਕਰਕੇ ਤਿਮਾਹੀ ਮੀਟਿੰਗ ਕਰਵਾਉਣ।

- ਜਿਲਾ ਪੱਧਰ ਤੇ ਮਹੀਨਾਵਾਰ ਰੀਵਿਊ ਮੀਟਿੰਗਾਂ ਦਾ ਏਜੰਡਾ ਅਤੇ ਕਾਰਵਾਈ ਰਿਪੋਟ ਮੁੱਖ ਦਫਤਰ ਭੇਜਣਾ ਯਕੀਨੀ ਬਣਾਉਣ ਲਈ ਆਰਥਿਕ ਸਲਾਹਕਾਰ ਵੱਲੋਂ ਸਮੂਹ ਉਪ ਅਰਥ ਅਤੇ ਅੰਕੜਾ ਸਲਾਹਕਾਰ ਜਿਲਾ ਪੱਧਰ ਨੂੰ ਨਿਰਦੇਸ ਦਿੱਤੇ ਗਏ।

- ਕੰਮ ਸੈਕôB ਹੋਣ ਉਪਰੰਤ ਆਨ ਲਾਈਨ ਕੰਪਿਊਟਰਾਈਜੇਸਨ ਪ੍ਰੀਕ੍ਰਿਆ ਅਪਡੇਟ ਕਰਨ ਦੇ ਆਦੇਸ ਸਮੂਹ ਜਿਲਾ ਅਧਿਕਾਰੀਆਂ ਨੂੰ ਦਿੱਤੇ ਗਏ। fJ; pko/ ezwtkJhi ;?eôB ehs/ ezwK dh ;{uBk ;ਮੂਹ ਇੰਪਲੀਮੈਂਟਿੰਗ ਜਿਲ੍ਹੇ/ਨੋਡਲ ਜਿਲ੍ਹਿਆ ਨੂੰ ਭੇਜਣਾ ਯਕੀਨੀ ਬਨਾਉਣ।

- ਮਿਤੀ 31-12-2014 ਤੱਕ ਦੀ ਤਿਮਾਹੀ ਪ੍ਰਗਤੀ ਰਿਪੋਟ ਜਿਸ ਵਿੱਚ ਐਮ.ਪੀ.ਸਾਹਿਬਾਨ ਵੱਲੋਂ ਰਿਕਮੈਂਡ ਕੀਤੇ ਕੰਮਾਂ ਦੀ ਐਗਜੀਕੂਸਨ ਵੀ ਸਾਮਲ ਹੋਵੇ ਸਬੰਧੀ ਰਿਪੋਰਟ ਸਬੰਧਤ ਐਮ.ਪੀ. ਅਤੇ ਐਮ.ਪੀ.ਲੈਡਜ. ਦੀ ਲੋਕ ਸਭਾ ਕਮੇਟੀ ਨੂੰ ਮਿਤੀ 10-01-2015 ਤੱਕ ਭੇਜਣਾ ਯਕੀਨੀ ਬਨਾਉਣ ਲਈ ਆਰਥਿਕ ਸਲਾਹਕਾਰ ਜੀ ਨੇ ਸਮੂਹ ਜਿਲਾ ਅਧਿਕਾਰੀਆਂ ਨੂੰ ਨਿਰਦੇਸ ਦਿੱਤੇ। ਇਸ ਰਿਪੋਟ ਦੀ ਕਾਪੀ ਮੁੱਖ ਦਫਤਰ ਭੇਜਣ ਲਈ ਵੀ ਕਿਹਾ ਗਿਆ।

- ਵਰਤਮਾਨ ਰਾਜ ਸਭਾ ਦੇ ਮੈਂਬਰਾਂ ਦੀਆਂ ਸਾਲ 2014-15 ਦੀਆਂ ਪੈਡਿੰਗ ਕਿਸਤਾਂ ਤੁਰੰਤ ਰੀਲੀਜ ਕਰਵਾਉਣ ਲਈ ਨੋਡਲ ਜਿਲਿਆਂ ਦੇ ਉਪ ਅਰਥ ਅਤੇ ਅੰਕੜਾ ਸਲਾਹਕਾਰ ਨੂੰ ਲੋੜੀਂਦੀ ਕਾਰਵਾਈ ਕਰਨ ਦੇ ਆਦੇਸ ਦਿੱਤੇ ਗਏ।

## ਏਜੰਡਾ ਆਈਟਮ ਨੰ: 3 ਛੇਵੀਂ ਆਰਥਿਕ ਗਣਨਾ

3.1. ***ਵਰਤੋਂ ਸਰਟੀਫਿਕੇਟ:*** (i) ਮਾਨਯੋਗ ਆਰਥਿਕ ਸਲਾਹਕਾਰ ਜੀ ਵੱਲੋਂ ਉ.ਅ.ਅੰ.ਸ. ਗੁਰਦਾਸਪੁਰ, ਲੁਧਿਆਣਾ, ਫਾਜਿਲਕਾ, ਸ੍ਰੀ ਮੁਕਤਸਰ ਸਾਹਿਬ, ਬਠਿੰਡਾ ਅਤੇ ਮਾਨਸਾ ਨੂੰ ਗਿਣਤੀਕਾਰਾਂ ਅਤੇ ਸੁਪਰਵਾਈਜਰਾਂ ਨੂੰ ਦਿੱਤੀ ਮਾਨਭੇਟਾ ਦੇ ਵਰਤੋਂ ਸਰਟੀਫਿਕੇਟ ਤੁਰੰਤ ਮੁੱਖ ਦਫਤਰ ਭੇਜਣ ਦੇ ਆਦੇਸ ਦਿੱਤੇ ਗਏ। ਉ.ਅ.ਅੰ.ਸ. ਬਰਨਾਲਾ ਨੂੰ ਬਚਦੀ 1859/ ਰੁ: ਦੀ ਰਾਸ਼ੀ ਵੀ ਤੁਰੰਤ ਵਾਪਿਸ ਮੁੱਖ ਦਫਤਰ ਭੇਜਣ ਲਈ ਕਿਹਾ ਗਿਆ।

(ii) ਅ.ਸ. ਜੀ ਵੱਲੋਂ ਸਟਾਫ ਮਾਨਭੇਟਾ, ਟੀ.ਏ./ਡੀ.ਏ. ਅਤੇ ਐਨ.ਆਈ.ਸੀ ਕੋਡਿੰਗ ਦੀ ਆਰ.ਟੀ.ਜੀ. ਐਸ ਰਾਹੀਂ ਭੇਜੀ ਗਈ ਰਾਸੀ ਦੇ ਵਰਤੋਂ ਸਰਟੀਫਿਕੇਟ ਸਮੂਹ ਉ.ਅ.ਅੰ.ਸ. ਜਿਲ੍ਹਾ ਪੱਧਰ ਵੱਲੋਂ ਤੁਰੰਤ ਮੁੱਖ ਦਫਤਰ ਭੇਜਣ ਦੇ ਆਦੇਸ ਦਿੱਤੇ।

3.2. ***ਸਟਾਫ ਲਈ ਮਾਨਭੇਟਾ:*** ਅ.ਸ. ਜੀ ਵੱਲੋਂ ਸਮੂਹ ਜਿਲ੍ਹਾ ਅਧਿਕਾਰੀਆਂ ਨੂੰ ਛੇਵੀਂ ਆਰਥਿਕ ਗਣਨਾ ਦੇ ਕੰਮ ਵਜੋਂ ਕਿਸੇ ਪ੍ਰਕਾਰ ਦੀ ਕੋਈ ਅਦਾਇਗੀ ਨਾ ਹੋਣ ਵਾਲੇ ਕਰਮਚਾਰੀਆਂ/ਅਧਿਕਾਰੀਆਂ ਦੇ ਨਾਮ ਮੁੱਖ ਦਫਤਰ ਭੇਜਣ ਲਈ ਕਿਹਾ ਗਿਆ ਤਾਂ ਕਿ ਉਨ੍ਹਾਂ ਨੂੰ ਮਾਨਭੇਟਾ ਦੇਣ ਲਈ ਵਿਚਾਰਿਆ ਜਾ ਸਕੇ।

3.3 ***ਐਨ.ਆਈ.ਸੀ.ਕੋਡਿੰਗ:*** ਸਕੈਨਿੰਗ ਸੈਂਟਰ ਤੋਂ ਮਿਸਿੰਗ ਐਨ.ਆਈ.ਸੀ. ਕੋਡਿੰਗ ਪ੍ਰਾਪਤ ਹੋਣ ਤੇ ਸਬੰਧਤ ਜਿਲ੍ਹਿਆਂ ਨੂੰ ਤੁਰੰਤ ਤਰੁੱਟੀਆਂ ਦੂਰ ਕਰਨ ਦੇ ਆਦੇਸ ਦਿੱਤੇ ਗਏ।

3.4 ***ਸਡਿਊਲ 6 ਸੀ ਡੈਟਾ ਐਂਟਰੀ:*** ਸਡਿਊਲ 6-ਸੀ ਡੈਟਾ ਐਟਰੀ ਦੀ ਤਰੁੱਟੀਆਂ ਦੂਰ ਕਰਕੇ ਤੁਰੰਤ ਸੀ.ਐਸ. ਓ. ਨਵੀਂ ਦਿੱਲੀ ਭੇਜਣ ਦੇ ਆਦੇਸ ਦਿੱਤੇ।

## ਆਈਟਮ ਨੰ: 4 ਪੈਡਿੰਗ ਅੰਕੜਾਤਮਕ ਸੂਚਨਾ

4.1 ਪਿੰਡਾਂ ਦੀ ਡਾਇਰੈਕਟਰੀ ਆਨ ਲਾਈਨ ਕਰਨ ਦੀ ਟੀਚਾ ਮਿਤੀ 30-10-2014 ਲੰਘਣ ਦੇ ਬਾਵਜੂਦ ਜਿਲ੍ਹ ਗੁਰਦਾਸਪੁਰ,ਬਠਿੰਡਾ, ਪਟਿਆਲਾ, ਫਾਜਿਲਕਾ, ਜਲੰਧਰ, ਰੂਪਨਗਰ, ਫਿਰੋਜਪੁਰ ਅਤੇ ਮੁੱਕਤਸਰ ਦੀ ਸੂਚਨਾ ਪ੍ਰਾਪਤ ਨਾ ਹੋਣ ਤੇ ਉਨ੍ਹਾਂ ਨੂੰ ਇਹ ਸੂਚਨਾ ਤੁਰੰਤ ਆਨਲਾਈਨ ਕਰਨ ਦੇ ਆਦੇਸ ਦਿੱਤੇ ਗਏ ।

4.2 ਜਿਲ੍ਹਾ ਲੁਧਿਆਣਾ ਦੀ IIP ਸਬੰਧੀ ਉਦਯੋਗਿਕ ਇਕਾਈਆਂ ਦੀ ਸੂਚਨਾ ਨਾ ਪ੍ਰਾਪਤ ਹੋਣ ਤੇ ਗੰਭੀਰ ਨੋਟਿਸ ਲਿਆ ਗਿਆ ਅਤੇ ਸਬੰਧਤ ਉਪ.ਅ.ਅੰ.ਸ. ਲੁਧਿਆਣਾ ਵਲੋਂ ਸੂਚਨਾ ਨਾ ਇੱਕਤਰ ਹੋਣ ਬਾਰੇ ਜੋ ਕਾਰਣ ਦੱਸਿਆ ,ਉਸ ਤੇ ਆਰਥਿਕ ਸਲਾਹਕਾਰ ਜੀ ਨੇ ਉਪ.ਅ.ਅੰ.ਸ. (ਰਾ.ਅ.) ਨੂੰ ਸ੍ਰੀ ਗੁਰਮੀਤ ਸਿੰਘ, ਖੋਜ ਅਫਸਰ ਨਾਲ ਰਾਬਤਾ ਕਰਕੇ ਉਦਯੋਗਿਕ ਇਕਾਈਆਂ ਦੀ ਸੂਚਨਾ ਇੱਕਠੀ ਕਰਨ ਦੀ ਪ੍ਰਕ੍ਰਿਆ ਨੂੰ Collection of Statistics Act 2008 ਅਧੀਨ ਨੋਟੀਫਾਈ ਕਰਵਾਉਣ ਲਈ ਆਦੇਸ ਦਿੱਤੇ ।

4.3 ਰਾਜ ਅੰਕੜਾ ਸਾਰ ਅੰਤਿਮ ਕਰਨ ਲਈ ਬੱਜਟ ਸੈਸਨ ਮਾਰਚ,2015 ਨੇੜੇ ਹੋਣ ਕਰਕੇ ਜਿਲ੍ਹਾ ਬਠਿੰਡਾ, ਮਾਨਸਾ, ਫਰੀਦਕੋਟ ਅਤੇ ਫਾਜਿਲਕਾ ਨੂੰ ਸੂਚਨਾ ਤੁਰੰਤ ਮੁੱਹਈਆ ਕਰਵਾਉਣ ਦੀ ਹਦਾਇਤ ਕੀਤੀ ਗਈ ।

## ਏਜੰਡਾ ਆਈਟਮ ਨੰ: 5 ਆਰਥਿਕ ਸਰਵੇਖਣ 2014-15

ਆਰਥਿਕ ਸਰਵੇਖਣ 2014-15 ਤਿਆਰ ਕਰਨ ਸਬੰਧੀ ਅ.ਸ. ਜੀ ਵਲੋਂ ਮੀਟਿੰਗ ਦੌਰਾਨ ਮੁੱਖ ਦਫਤਰ ਦੇ ਸੀਨੀਅਰ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਰਾਜ ਵਿਧਾਨ ਸਭਾ ਦਾ ਸੈਸਨ ਮਹੀਨਾ ਮਾਰਚ, 2015 ਵਿੱਚ ਹੋਣਾ ਸੰਭਾਵਿਤ ਹੈ ਜਿਸ ਕਰਕੇ ਉਹ ਆਪਣੇ ਨਾਲ ਸਬੰਧਤ ਚੈਪਟਰਜ ਅਤੇ ਸਾਰਣੀਆਂ ਤਿਆਰ ਕਰਨ ਉਪਰੰਤ ਰਨਸ ਸਾਖਾ ਨੂੰ ਭੇਜਣ ਤਾਂ ਜੋ ਇਸ ਬਾਰੇ ਅਗਲੇਰੀ ਲੋੜੀਂਦੀ ਕਾਰਵਾਈ ਕੀਤੀ ਜਾ ਸਕੇ। ਇਸਦੇ ਨਾਲ ਹੀ ਉਨ੍ਹਾਂ ਅਧਿਕਾਰੀਆਂ ਨੂੰ ਨੋਡਲ ਅਫਸਰਾਂ ਸਬੰਧੀ ਲਿਸਟ ਵੀ ਭੇਜਣ ਬਾਰੇ ਕਿਹਾ।

## ਏਜੰਡਾ ਆਈਟਮ ਨੰ: 6 ਫੁੱਟਕਲ

**6.1 ਅਮਲਾ/ਲੇਖਾ ਸਾਖਾ ਸਬੰਧੀ** : ਮਾਨਯੋਗ ਅ.ਸ ਜੀ ਦੀ ਦੀ ਪ੍ਰਵਾਨਗੀ ਉਪਰੰਤ ਡਾਇਰੈਕਟਰ(ਪ੍ਰ) ਨੇ ਸਬੰਧਤ ਅਧਿਕਾਰੀਆਂ ਨੂੰ ਕਿਹਾ ਕਿ ਜਿਹਨ੍ਹਾਂ ਇਨਵੈਸਟੀਗੇਟਰਜ /ਕਲਰਕ, ਜੂ.ਸ. ਦਾ ਤਨਖਾਹ ਸਕੇਲ 4550-7220 ਦੀ ਥਾਂ 4400-7000 ਮੁੜ ਫਿਕਸ ਕੀਤਾ ਗਿਆ ਹੈ, ਤੁਰੰਤ ਕਾਰਵਾਈ ਕਰਦੇ ਹੋਏ ਬਣਦੀ ਰਿਕਵਰੀ ਕਰਨ ਅਤੇ ਮੁੱਖ ਦਫਤਰ ਨੂੰ ਸੂਚਿਤ ਕਰਨ। ਇਸ ਦੇ ਨਾਲ ਹੀ ਉਹਨ੍ਹਾਂ ਨੇ ਸ੍ਰੀ ਮੁਕਤਸਰ ਸਾਹਿਬ, ਫਾਜਿਲਕਾ, ਮਾਨਸਾ, ਲੁਧਿਆਣਾ ਅਤੇ ਜਲੰਧਰ ਦੇ ਅਧਿਕਾਰੀਆਂ ਨੂੰ ਪੈਡਿੰਗ ਜੀ.ਪੀ.ਐਫ./ਜੀ.ਆਈ.ਐਸ ਨਾਲ ਸਬੰਧਤ ਸਡਿਊਲ ਭੇਜਣ ਲਈ ਕਿਹਾ ਤਾਂ ਜੋ ਜੀ.ਪੀ.ਐਫ.ਦੀ ਸਟੈਟਮੈਂਟਸ ਜਾਰੀ ਕੀਤੀ ਜਾ ਸਕੇ। ਅਧਿਕਾਰੀਆਂ ਨੂੰ ਇਹ ਵੀ ਹਦਾਇਤ ਕੀਤੀ ਗਈ ਕਿ ਏ.ਸੀ.ਆਰਜ. ਭੇਜਣ ਸਮੇ ਮੁੰਕਮਲ ਸਮੇ ਦੀ/ਸਾਲ ਦੀ ਭੇਜੀ ਜਾਇਆ ਕਰੇ ਜੇ ਕਿਸੇ ਅਧਿਕਾਰੀ ਦਾ ਲਿੱਖਣ ਯੋਗ ਸਮਾਂ ਘੱਟ ਹੈ ਤਾਂ ਉਹ ਆਪਣੇ ਪੱਧਰ ਤੇ ਮੁੰਕਮਲ ਕਰਵਾ ਕੇ ਸਾਲਾਨਾ ਗੁਪਤ ਰਿਪੋਰਟ ਮੁੱਖ ਦਫਤਰ ਨੂੰ ਭੇਜੀ ਜਾਇਆ ਕਰੇ।

ਸਮੂਹ ਅਧਿਕਾਰੀਆਂ ਨੂੰ ਇਹ ਵੀ ਹਦਾਇਤ ਹੋਈ ਹੈ ਕਿ ਸਬੰਧਤ ਕਰਮਚਾਰੀਆਂ ਦੇ ਪੈਨਸਨ ਕੇਸ ਹਰ ਪੱਖੋ ਮੁੰਕਮਲ ਅਤੇ ਨਿਯੁਕਤੀ ਮਿਤੀ ਤੋ ਮਿਤੀ ਅੰਤ ਤੱਕ ਪੇ ਚੈਕ ਕਰਕੇ ਮੁੱਖ ਦਫਤਰ ਨੂੰ ਰਿਟਾਇਰ ਮਿਤੀ ਤੋ 6 ਮਹੀਨੇ ਪਹਿਲਾ ਭੇਜਣਾ ਯਕੀਨੀ ਬਣਾਈ ਜਾਵੇ। ਇਸ ਤੇ ਅ.ਸ ਜੀ ਨੇ ਸਬੰਧਤ ਰੂਲਜ ਈ ਮੇਲ ਰਾਹੀ ਸਮੂਹ ਜਿਲ੍ਹਿਆਂ ਦੇ ਅਧਿਕਾਰੀਆਂ ਨੂੰ ਜਾਣਕਾਰੀ/ਪਾਲਣਾ ਲਈ ਭੇਜਣ ਲਈ ਆਦੇਸ ਦਿੱਤੇ।

6.2 ਅ.ਸ. ਜੀ ਵਲੋਂ ਨੋਟਿਸ ਕੀਤਾ ਗਿਆ ਕਿ ਜਿਲ੍ਹਾ ਅੰਕੜਾ ਦਫਤਰਾਂ ਵਲੋਂ ਕਈ ਵਾਰ ਸਹੀ ਮੇਲ ਐਡਰੈਸ ਤੇ ਮੇਲ ਨਾ ਕਰਨ ਕਰਕੇ ਸੂਚਨਾ ਸਹੀ ਅਧਿਕਾਰੀ ਕੋਲ ਨਹੀਂ ਪੁਹੰਚਦੀ। ਇਸ ਲਈ ਵਿਭਾਗ ਦੇ ਸਮੂਹ ਅਧਿਕਾਰੀਆਂ ਦੀ e-mail ids ਦੀ ਲਿਸਟ ਵੈਬ ਸਾਈਟ www.esopb.gov.in ਤੇ ਦੇਣ ਦੇ ਆਦੇਸ ਦਿੱਤੇ ਗਏ ।

ਮੀਟਿੰਗ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਈ।

## ਮਿਤੀ 2-1-2015 ਨੂੰ ਹੋਈ ਵਿਭਾਗੀ ਰੀਵਿਊ ਮੀਟਿੰਗ ਦੀ ਹਾਜਰੀ ਰਿਪੋਰਟ

| ਕ੍ਰਮ ਅੰਕ | ਨਾਮ/ਅਹੁਦਾ/ਦਫਤਰ<br>ਸਰਵ ਸ੍ਰੀ/ਸ੍ਰੀਮਤੀ | ਮੋਬਾਇਲ ਨੰ: |
|---|---|---|
| 1 | ਪਰਮਿੰਦਰ ਸਿੰਘ ਵਾਲੀਆ, ਡਾਇਰੈਕਟਰ | 9855150081 |
| 2 | ਤੀਰਥ ਸਿੰਘ, ਡਾਇਰੈਕਟਰ | 9814811322 |
| 3 | ਹਰਵਿੰਦਰ ਸਿੰਘ, ਮੀਤ ਡਾਇਰੈਕਟਰ | 9779089450 |
| 4 | ਜਗਦੀਪ ਸਿੰਘ, ਮੀਤ ਡਾਇਰੈਕਟਰ | 98159-95021 |
| 5 | ਕੁਲਦੀਪ ਕੌਰ,ਮੀਤ ਡਾਇਰੈਕਟਰ | 9646732002 |
| 6 | ਰਾਣੀ, ਉਪ ਅ.ਅ.ਅ.ਸ, ਜਲੰਧਰ | 98157-60374 |
| 7 | ਸੁਖਮਿੰਦਰ ਸਿੰਘ, ਉਪ.ਅ.ਅ.ਸ, ਐਸ.ਏ.ਐਸ. ਨਗਰ | 9464989562 |
| 8 | ਦਪਿੰਦਰ ਕੋਰ, ਉਪ.ਅ.ਅ.ਸ. | 9815565397 |
| 9 | ਪਰਮਿੰਦਰ ਕੌਰ , ਉਪ.ਅ.ਅੰ.ਸ. ਪਟਿਆਲਾ | 9463034157 |
| 10 | ਰਾਕੇਸ ਕਾਲੀਆ, ਉਪ.ਅ.ਅ.ਸ., ਹੁਸਿਆਰਪੁਰ | 9417402236 |
| 11 | ਪ੍ਰਿਤਪਾਲ ਸਿੰਘ, ਉਪ.ਅ.ਅ.ਸ., ਫਤਿਹਗੜ੍ਹ ਸਾਹਿਬ | 9872205129 |
| 12 | ਭੁਪਿੰਦਰ ਕੌਰ, ਉਪ.ਅ.ਅੰ.ਸ. ਕਪੂਰਥਲਾ | 8699027900 |
| 13 | ਮੋਨਿਕਾ ਥਿੰਦ, ਉਪ.ਅ.ਅ.ਸ., ਮਾਨਸਾ | 8054498989 |
| 14 | ਗੁਰਮੀਤ ਸਿੰਘ, ਖੋਜ ਅਫਸਰ, ਮੁੱਖ ਦਫਤਰ | 9855079363 |
| 15 | ਹਰਬੰਸ ਸਿੰਘ ,ਖੋਜ ਅਫਸਰ , ਮਾਨਸਾ | 9417939229 |
| 16 | ਰਾਮ ਲੁਭਾਇਆ, ਖੋਜ ਅਫਸਰ , ਰੂਪਨਗਰ | 9463742732 |
| 17 | ਚੰਚਲ ਬਾਲਾ , ਖੋਜ ਅਫਸਰ, ਮੁੱਖ ਦਫਤਰ | 9501468252 |
| 18 | ਚਰਨਜੀਤ ਸਿੰਘ, ਖੋਜ ਅਫਸਰ, ਅੰਮ੍ਰਿਤਸਰ | 9463446810 |
| 19 | ਅਸੋਕ ਕੁਮਾਰ, ਖੋਜ ਅਫਸਰ, ਗੁਰਦਾਸਪੁਰ | 9915612573 |
| 20 | ਨਰੇਸ ਕੁਮਾਰ, ਖੋਜ ਅਫਸਰ , ਐਸ.ਬੀ.ਐਸ.ਨਗਰ | 9814716670 |
| 21 | ਸੁਨੀਤਾ ਬੈਂਸ, ਖੋਜ ਅਫਸਰ, ਕਪੂਰਥਲਾ | 7696221882 |
| 22 | ਅਸੋਕ ਚਟਾਨੀ, ਖੋਜ ਅਫਸਰ, ਫਿਰੋਜਪੁਰ ਅਤੇ ਫਾਜਿਲਕਾ | 98147-33796 |

| | | |
|---|---|---|
| 23 | ਮੀਨਾ ਰਾਣੀ , ਖੋਜ ਅਫਸਰ, ਮੁੱਖ ਦਫਤਰ | 9463654637 |
| 24 | ਸੁਰਿੰਦਰ ਕੁਮਾਰ ,ਖੋਜ ਅਫਸਰ, ਲੁਧਿਆਣਾ | 9465593655 |
| 25 | ਰਵਿੰਦਰ ਪਾਲ ਦੱਤਾ, ਖੋਜ ਅਫਸਰ, ਪਠਾਨਕੋਟ | 98761-66091 |
| 26 | ਸਰਵਣ ਸਿੰਘ, ਜਿਲ੍ਹਾ ਅੰਕੜਾ ਅਫਸਰ, ਮੋਗਾ | 9417934532 |
| 27 | ਭੁਪਿੰਦਰ ਸਿੰਘ, ਸਹਾਇਕ ਖੋਜ ਅਫਸਰ, ਫਿਰੋਜਪੁਰ | 8968800387 |
| 28 | ਪੂਨਮ ਜੋਸੀ, ਸਹਾਇਕ ਖੋਜ ਅਫਸਰ, ਮੁੱਖ ਦਫਤਰ | 9463738025 |
| 29 | ਪ੍ਰੇਮ ਕੁਮਾਰ, ਸਹਾਇਕ ਖੋਜ ਅਫਸਰ ਬਠਿੰਡਾ | 8146573250 |
| 30 | ਮੇਜਰ ਸਿੰਘ, ਸਹਾਇਕ ਖੋਜ ਅਫਸਰ, ਮੁੱਖ ਦਫਤਰ | 9417214522 |
| 31 | ਬਸੰਤ ਸਿੰਘ, ਅੰਕੜਾ ਸਹਾਇਕ, ਬਰਨਾਲਾ | 9463537466 |
| 32 | ਰਾਜ ਕੁਮਾਰ, ਅੰਕੜਾ ਸਹਾਇਕ , ਸੰਗਰੂਰ | 9814826017 |
| 33 | ਦੀਪਕ ਗਰੇਵਾਲ, ਅੰਕੜਾ ਸਹਾਇਕ, ਜਲੰਧਰ | 9417659617 |
| 34 | ਗੁਰਮਿੰਦਰ ਕੌਰ, ਅੰਕੜਾ ਸਹਾਇਕ, ਮੁੱਖ ਦਫਤਰ | 8558932490 |
| 35 | ਰੁਪਿੰਦਰ ਸਿੰਘ ,ਇਨਵੈਸਟੀਗੇਟਰ , ਸ੍ਰੀ ਮੁਕਤਸਰ ਸਾਹਿਬ | 78373335987 |